(1)x Whistle Blowers Protection Policy – Punjab Govt. (1)

ਪੰਜਾਬ ਸਰਕਾਰ
ਗ੍ਰਿਹ ਮਾਮਲੇ ਤੇ ਨਿਆਂ ਵਿਭਾਗ
(ਗ੍ਰਿਹ-4 ਸਾਖਾ)

ਸੇਵਾ ਵਿਖੇ,

ਮੈਨੇਜਿੰਗ ਡਾਇਰੈਕਟਰ,
ਪੰਜਾਬ ਇੰਨਫੋਟੈਕ, ਚੰਡੀਗੜ੍ਹ।
ਸੈਕਟਰ 34, ਚੰਡੀਗੜ੍ਹ

ਮੀਮੋ ਨੰ: 5/162/10-4ਗ4/1957
ਮਿਤੀ, ਚੰਡੀਗੜ੍ਹ 10.10.2012

ਵਿਸ਼ਾ:- ਸਿਵਲ ਰਿੱਟ ਪਟੀਸਨ ਨੰਬਰ 832 ਆਫ 2012- ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ ਤੇ ਹੋਰ ।

ਮੈਨੇਜਿੰਗ ਡਾਇਰੈਕਟਰ, ਪੰਜਾਬ ਇੰਨਫੋਟੈਕ, ਚੰਡੀਗੜ੍ਹ ਕ੍ਰਿਪਾ ਕਰਕੇ ਉਪਰੋਕਤ ਵਿਸੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰਨ।

2. ਵਿਸਾ ਅੰਕਿਤ ਮਾਮਲੇ ਸਬੰਧੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 22.8.2012 ਅਨੁਸਾਰ ਵਿਸਲ ਬਲੋਅਰਜ ਨੂੰ ਸਕਿਉਰਟੀ ਦੇਣ ਲਈ ਰਾਜ ਸਰਕਾਰ ਵੱਲੋਂ ਬਣਾਈ ਗਈ ਪਾਲਿਸੀ ਨੂੰ ਸਰਕਾਰੀ ਵੈਬਸਾਈਟ ਤੇ ਪਾਇਆ ਜਾਣਾ ਹੈ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿਸਲ ਬਲੋਅਰਜ ਨੂੰ ਸਕਿਉਰਟੀ ਦੇਣ ਸਬੰਧੀ ਬਣਾਈ ਗਈ ਪਾਲਿਸੀ ਅਤੇ ਸਮੇਂ-ਸਮੇਂ ਤੇ ਇਸ ਵਿਭਾਗ ਵੱਲੋਂ ਜਾਰੀ ਕੀਤੇ ਗਏ ਪੱਤਰਾਂ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਪਾਇਆ ਜਾਵੇ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਸੁਪਰਡੰਟ
ਏ/ਨ

(2) ~~110~~

Annexure R-2

**Policy for providing security to Whistle Blowers & RTI Activists.**

**Definition:-**

(1) "Whistle Blower" is someone who makes a Protected Disclosure under this policy.

(2) "Protected Disclosure means" a concern raised by a written communication made in good faith that discloses or demonstrates information that may evidence unethical or improper activity.

(3) An RTI Activists may or may not be a Whistle Blower but may by under threat due to his/her continuous effort to seek information regarding corruption/corrupt practices/mal-practices in a Government organization.

(4) Protected to the same extent as the Whistle Blower.

**Providing Security:**

~A Whistle Blower/RTI Activist who has a threat perception of danger to his/her life or any liberty may approach the concerned District Magistrate or Commissioner of Police as the case may be. The concerned authority makes an enquiry of the threat perception within 48 hours of receiving the application and if it is found that the threat perception is genuine, then he/she shall be provided security forthwith.

~Assistance of Intelligence Wing as well as the district police shall be taken to assess the threat perception of the Whistle Blower/RTI activists and all relevant facts shall be taken into consideration before specifically granting or rejecting the demand of security by a Whistle Blower or RTI Activists.

~The threat perception is depending upon facts and circumstances of each individual case. In case of Whistle Blower/RTI Activists the intensity of threat may increase or decrease with a passage of time.

~It cannot be taken for granted that security once provided to a Whistle Blower/RTI Activist shall continue for all time to come. The security may be increased/decreased or withdrawn completely depending upon the threat perception review/report by the district police.

~Any misuse of the security personnel by the protectee shall be viewed very seriously and the remedial action required shall be taken forthwith. It will also attract penal action as per law.

~Protection to a Whistle Blower/RTI Activist under this policy shall be available provided that Protected Disclosure is :

(i) made in good faith;

(ii) the Whistle Blower has reasonable information or documents in support thereof; and

(iii) not for personal gain or animosity against the subject.

True copy

(3)

Court Case

From

The Addl. Director General of Police,
Security, Punjab.

To

The Principal Secretary
Govt. of Punjab,
Deptt. of Home Affairs & Justice,
Chandigarh.

Memo No. 5591 /DDSB-2
Dated, Chandigarh, the. 16-2-12

Subject: **CWP No.-832 of 2010 HC Arora v/s State of Punjab regarding Security of Whistle Blowers/RTI Activists.**

The policy for the security of whistle blowers/RTI activists was sent vide your office memo no. 5/162/2010-1H4/557 dated 16-02-2011 and the same was submitted to Hon'ble Punjab & Haryana High Court, Chandigarh (copy enclosed for ready reference).

Orders of Hon'ble Punjab & Haryana High Court dated 08-12-2011 was received in this office vide your office memo no. 5/162/08-4H4/145 dated 20-01-2012 and we had sent recommendations vide this office letter no. 4557/DDSB-2 dated 02-02-2012 (copy enclosed for ready reference).

Now as per the orders of Hon'ble Punjab & Haryana High Court, Chandigarh dated 08-12-2011, ADGP/Intelligence, Punjab, Chandigarh has recommended that the SRC with ADGP, Security as Chairman and representative from the office of ADGP, Intelligence, Home Department and Advocate General Punjab as members may be constituted for evaluation of security requirements in the case of Whistle Blowers and RTI Activists.

It is requested that necessary approval may kindly be given please.

16/2/12

o/c for Addl. Director General of Police,
Security, Punjab, Chandigarh.

True Copy

Satinderpal Singh PPS
SP, Security Punjab

Annexure R-2 r-T.

(Translated into English from Punjabi)

Government of Punjab
Department of Home affairs & Justice,
(Home -4 branch)

To,

The Director General of Police,
Punjab, Chandigarh.
Memo No: 5/162/08-4H4/477
Dated, Chandigarh: 19.03.2012.

Subject: Civil writ petition No 832 of 2010- H.C. Arora v/s State of Punjab & others.

In refer to your letter No 5591/DDSB-2, dated 16.02.2012, on the subject cited above.

2. While granting approval to the proposal sent vide letter under reference it is written that according to the order of Hon'ble High Court a Social activist / female be included in the committee and required reply be filed in time & intimated to the Govt. The next date of hearing of this case is 27.04.2012.

Nirmal Singh
Superintendent

Translation
True Copy

Satinderpal Singh, PPS,
S.P. Security, Punjab,
Chandigarh.

(5)

ਪੰਜਾਬ ਸਰਕਾਰ
ਗ੍ਰਹਿ ਤੇ ਨਿਆਂ ਵਿਭਾਗ
(ਗ੍ਰਹਿ-4 ਸ਼ਾਖਾ)

ਕੋਰਟ ਕੇਸ
ਸੁਣਵਾਈ ਦੀ ਮਿਤੀ
22.8.2012

ਸੇਵਾ ਵਿਖੇ,

ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ/ਸਕਿਉਰਟੀ,
ਪੰਜਾਬ, ਚੰਡੀਗੜ੍ਹ।

ਮੀਮੋ ਨੰ: 5/162/2008-4ਗ੍ਰ4/ 1518
ਮਿਤੀ, ਚੰਡੀਗੜ੍ਹ 7-8-12

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰ: 832 ਆਫ 2010- ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ ਤੇ ਹੋਰ।

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰਬਰ -23259/ਡੀਡੀਐਸਬੀ-2 ਮਿਤੀ 21.6.2012 ਦੇ ਹਵਾਲੇ ਵਿੱਚ ।

2. ਆਪ ਦੀ ਤਜਵੀਜ਼ ਅਨੁਸਾਰ ਸਿਵਲ ਰਿੱਟ ਪਟੀਸ਼ਨ ਨੰ: 832 ਆਫ 2010- ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 27.4.2012 ਅਤੇ ਹੁਕਮ ਮਿਤੀ 31.5.2012 ਦੀ ਰੋਸ਼ਨੀ ਵਿੱਚ ਰਾਜ ਵਿੱਚ ਹਰ ਜਿਲ੍ਹਾ ਪੱਧਰ ਤੇ ਵਿਸਲ ਬਲੋਅਰਜ/ ਆਰ.ਟੀ.ਆਈ. ਐਕਟੀਵਿਸਟਜ ਨੂੰ ਸਕਿਉਰਟੀ ਦੇਣ ਲਈ ਜਿਲ੍ਹਾ ਮੈਜਿਸਟ੍ਰੇਟ ਦੀ ਪਰਧਾਨਗੀ ਹੇਠ ਕਮੇਟੀ ਦਾ ਗਠਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਕਮੇਟੀ ਦੇ ਮੈਂਬਰ ਹੇਠ ਲਿਖੇ ਅਨੁਸਾਰ ਹੋਣਗੇ :-

(1) ਐਸ.ਐਸ.ਪੀ.

(2) ਜਿਲ੍ਹਾ ਅਟਾਰਨੀ

(3) ਸਬੰਧਤ ਵਿਅਕਤੀ ਜਿਸਨੂੰ ਸੁਰੱਖਿਆ ਦਿੱਤੀ ਜਾਣੀ ਹੈ, ਦੇ ਸਬ-ਡਵੀਜਨ ਦਾ ਡੀ.ਐਸ.ਪੀ.

(4) ਸਬੰਧਤ ਐਸ.ਡੀ.ਐਮ.

(5) ਇਨ੍ਹਾਂ ਅਧਿਕਾਰੀਆਂ ਵਿਚੋਂ ਘੱਟ ਤੋਂ ਘੱਟ ਇਕ ਮਹਿਲਾ ਅਧਿਕਾਰੀ ਜ਼ਰੂਰ ਹੋਵੇ, ਅਗਰ ਅਜਿਹਾ ਨਾ ਹੋਵੇ ਤਾਂ ਕਿਸੇ ਹੋਰ ਮਹਿਲਾ ਅਧਿਕਾਰੀ ਨੂੰ ਜਿਲ੍ਹਾ ਮੈਜਿਸਟ੍ਰੇਟ ਨਾਮਜਦ ਕਰ ਦੇਵੇ।

(6) ਜਿਸ ਥਾਂ ਪੁਲਿਸ ਕਮਿਸ਼ਨਰ ਦਾ ਅਧਿਕਾਰ ਖੇਤਰ ਹੈ, ਉਸ ਖੇਤਰ ਦੀ ਕਮੇਟੀ ਦਾ ਚੇਅਰਮੈਨ ਪੁਲਿਸ ਕਮਿਸ਼ਨਰ ਹੋਵੇਗਾ।

ਇਸ ਕਮੇਟੀ ਦੇ ਗਠਨ ਤੋਂ ਬਾਦ ਲੋੜੀਂਦਾ ਹਲਫੀ ਬਿਆਨ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਸਰਕਾਰ ਨੂੰ ਵੀ ਜਾਣੂ ਕਰਵਾਇਆ ਜਾਵੇ।

ਅਧੀਨ ਸਕੱਤਰ ਗ੍ਰਹਿ (ਸ)

(67)

ਵੱਲੋਂ

ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ,
ਸੁੱਰਖਿਆ, ਪੰਜਾਬ, ਚੰਡੀਗੜ੍ਹ।

ਵੱਲ

ਸਮੂਹ ਆਈ.ਜੀ.ਪੀਜ਼./ਜ਼ੋਨਲ, ਪੰਜਾਬ।
ਸਮੂਹ ਸੀ.ਓ.ਪੀਜ਼., ਪੰਜਾਬ।
ਸਮੂਹ ਡੀ.ਆਈ.ਜੀਜ਼./ਰੇਂਜ਼, ਪੰਜਾਬ।
ਸਮੂਹ ਐਸ.ਐਸ.ਪੀਜ਼, ਪੰਜਾਬ।

ਨੰਬਰ 36157-84/ਡੀ.ਡੀ.ਐਸ.ਬੀ.-2 ਮਿਤੀ:-27-9-2012

ਵਿਸ਼ਾ:- <u>ਸਿਵਲ ਰਿੱਟ ਪਟੀਸ਼ਨ ਨੰਬਰ 832 ਆਫ਼ 2012 ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ ਤੇ ਹੋਰ।</u>

ਪੰਜਾਬ ਸਰਕਾਰ ਦੇ ਦਫ਼ਤਰ ਦੇ ਮੀਮੋ ਨੰਬਰ 5/162/2008-4ਗ4/1518 ਮਿਤੀ 07.08.12 ਰਾਹੀਂ ਸਿਵਲ ਰਿੱਟ ਪਟੀਸ਼ਨ ਨੰਬਰ 832 ਆਫ 2010 ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਾਨਯੋਗ ਹਾਈ ਕੋਰਟ ਦੇ ਹੁਕਮ ਮਿਤੀ 27.04.12 ਅਤੇ ਹੁਕਮ ਮਿਤੀ 31.05.12 ਦੀ ਰੋਸ਼ਨੀ ਵਿੱਚ ਰਾਜ ਵਿੱਚ ਹਰ ਜ਼ਿਲ੍ਹਾ ਪੱਧਰ ਤੇ ਵਿਸਲ ਬਲੋਅਰਜ਼/ਆਰ.ਟੀ.ਆਈ. ਨੂੰ ਸੁੱਰਖਿਆ ਦੇਣ ਸਬੰਧੀ ਜ਼ਿਲ੍ਹਾ ਮੈਜਿਸਟਰੇਟ ਦੀ ਪ੍ਰਧਾਨਗੀ ਹੇਠ ਕਮੇਟੀ ਦਾ ਗਠਨ ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਇਸ ਦੀ ਫੋਟੋਕਾਪੀ ਨਾਲ ਨੱਥੀ ਕਰਕੇ ਆਪ ਜੀ ਨੂੰ ਇਸ ਦਫ਼ਤਰ ਦੇ ਪੱਤਰ ਨੰਬਰ 11990-12018/ਡੀ.ਡੀ.ਐਸ.ਬੀ. ਮਿਤੀ 06.05.11 ਅਤੇ 12019-26/ਡੀ.ਡੀ.ਐਸ.ਬੀ.ਮਿਤੀ 06.05.11 ਦੀਂ ਲੜੀ ਵਿੱਚ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।ਕਮੇਟੀ ਵੱਲੋ ਦਿੱਤੀ ਜਾਣ ਵਾਲੀ ਸੁਰੱਖਿਆ ਦੀ ਸੂਚਨਾਂ ਇਸ ਦਫਤਰ ਨੂੰ ਵੀ ਭੇਜੀ ਜਾਵੇ ਜੀ।

ਨੱਥੀ:- <u>ਉਪਰੋਕਤ ਅਨੁਸਾਰ</u>

27/9/12

ਵਾਸਤੇ ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ,
ਸੁੱਰਖਿਆ,ਪੰਜਾਬ,ਚੰਡੀਗੜ੍ਹ।

[illegible] ਜਾਵੇ।

[illegible] (ਸ)

(7)

ਨੰਬਰ 5/162/2010-4ਗ4/1956

ਪੰਜਾਬ ਸਰਕਾਰ

ਗ੍ਰਹਿ ਮਾਮਲੇ ਤੇ ਨਿਆਂ ਵਿਭਾਗ

(ਗ੍ਰਹਿ-4 ਸਾਖਾ)

ਰਜਿਸਟਰਡ
ਸਪੀਡ ਪੋਸਟ
ਕੋਰਟ ਕੇਸ

ਸੇਵਾ ਵਿਖੇ,

ਰਾਜ ਦੇ ਸਮੂਹ ਜਿਲ੍ਹਾ ਮੈਜਿਸਟ੍ਰੇਟ।

ਮਿਤੀ,ਚੰਡੀਗੜ੍ਹ 10.10.2012

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰਬਰ 832 ਆਫ 2010-ਸ੍ਰੀ ਐਚ.ਸੀ.ਅਰੋੜਾ ਬਨਾਮ ਪੰਜਾਬ ਸਰਕਾਰ- ਬਾਬਤ ਸਕਿਉਰਟੀ ਟੂ ਵਿਸਲ ਬਲੋਅਰਜ/ਆਰ.ਟੀ.ਆਈ. ਐਕਟੀਵਿਸਟਜ ਵਿੱਚ ਦਿੱਤੇ ਗਏ ਫੈਸਲੇ ਨੂੰ ਲਾਗੂ ਕਰਨ ਬਾਰੇ।

ਸ੍ਰੀ ਮਾਨ ਜੀ,

2. ਮੈਨੂੰ ਹਦਾਇਤ ਹੋਈ ਹੈ ਕਿ ਵਿਸ਼ਾ ਅੰਕਿਤ ਮਾਮਲੇ ਸਬੰਧੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਪਾਸ ਕੀਤੇ ਗਏ ਹੁਕਮ ਮਿਤੀ 22.8.2012 ਅਤੇ ਇਸ ਵਿਭਾਗ ਵੱਲੋਂ ਜਾਰੀ ਪੱਤਰ ਕ੍ਰਮਵਾਰ ਪੱਤਰ ਨੰਬਰ 5/162/2008-4ਗ4/1518 ਮਿਤੀ 07.8.2012 ਅਤੇ 5/162/2010-4ਗ4/2730-52 ਮਿਤੀ 16.8.11 ਦੀਆਂ ਕਾਪੀਆਂ ਇੰਨ-ਬਿੰਨ ਪਾਲਣਾ ਹਿੱਤ ਭੇਜਾਂ, ਜੋ ਕਿ ਨੱਥੀ ਹਨ ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸਵਾਸਪਾਤਰ,

(ਮਹਿੰਦਰ ਲਾਲ)
ਸੁਪਰਡੰਟ

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ.-

1. ਐਡਵੋਕੇਟ ਜਨਰਲ ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ।
3. ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ/ਸਕਿਉਰਟੀ, ਪੰਜਾਬ ।

ਸੁਪਰਡੰਟ